# ਸੈਂਪਲ ਪੇਪਰ - ਮਾਰਚ 2022 ( ਟਰਮ - 2 )

ਸਮਾਂ:2 ਘੰਟੇ | ਜਮਾਤ - ਪੰਜਵੀਂ | ਅੰਕ: 40

## ਵਿਸ਼ਾ- ਗਣਿਤ

**ਸਾਰੇ ਪ੍ਰਸ਼ਨ ਜ਼ਰੂਰੀ ਹਨ ।**

**ਭਾਗ ੳ ਵਿੱਚ ਪ੍ਰਸ਼ਨ 1 ਤੋਂ 5 ਤੱਕ ਹਰੇਕ ਪ੍ਰਸ਼ਨ 3 ਅੰਕਾਂ ਦਾ ਹੈ ।**

**ਭਾਗ ਅ ਵਿੱਚ ਪ੍ਰਸ਼ਨ 6 ਤੋਂ 10 ਤੱਕ ਹਰੇਕ ਪ੍ਰਸ਼ਨ 5 ਅੰਕਾਂ ਦਾ ਹੈ ।**

### ਭਾਗ - ੳ ( 5 X 3= 15 )

1. ਖਾਲੀ ਥਾਂਵਾਂ ਭਰੋ :-

   ੳ) 2.850 ਕਿ.ਗ੍ਰਾ = _____ ਕਿ.ਗ੍ਰਾ ________ ਗ੍ਰਾਮ

   ਅ) 3.45 ਮੀ. = _____ਮੀ. ______ ਸੈ.ਮੀ.

   ੲ) 1 ਲਿਟਰ = _______ ਮਿ.ਲਿ.

2. ਸਹੀ ਕਥਨ ਅੱਗੇ (√ ) ਦਾ ਨਿਸ਼ਾਨ ਅਤੇ ਗਲਤ ਕਥਨ ਅੱਗੇ ( X ) ਦਾ ਨਿਸ਼ਾਨ ਲਗਾਓ ।


   ੳ) ਸਮਕੋਣ ਦਾ ਮਾਪ 90° ਹੁੰਦਾ ਹੈ । (..............)

   ਅ) ਸਮਕੋਣ , ਨਿਊਨ ਕੋਣ ਤੋਂ ਵੱਡਾ ਹੁੰਦਾ ਹੈ ,ਪਰ ਅਧਿਕ ਕੋਣ ਤੋਂ ਛੋਟਾ ਹੁੰਦਾ ਹੈ । (...............)

   ੲ) 175° ਦਾ ਕੋਣ ਨਿਊਨ ਕੋਣ ਹੁੰਦਾ ਹੈ । (...............)


3. ਸੁਰਜੀਤ ਕੋਲ ₹ 20000 ਸਨ । ਉਸਨੇ ₹ 13750 ਦੇ ਕੱਪੜੇ ਖਰੀਦ ਲਏ । ਉਸ ਕੋਲ ਕਿੰਨੀ ਰਕਮ ਬਾਕੀ ਰਹਿ ਗਈ ?

4. ਦਿੱਤੇ ਘਣਾਵ ਦਾ ਆਇਤਨ ਪਤਾ ਕਰੋ ।



5. ਹੇਠਾਂ ਦਿੱਤਾ ਛੜ ਗ੍ਰਾਫ਼ ਹਰਪ੍ਰੀਤ , ਗੀਤਾ , ਰਾਜੂ ਅਤੇ ਗੁਰਪ੍ਰੀਤ ਦੇ ਗਣਿਤ ਵਿਸ਼ੇ ਦੇ ਟੈਸਟ ਵਿੱਚ ਪ੍ਰਾਪਤ ਕੀਤੇ ਅੰਕਾਂ ਨੂੰ ਦਰਸਾ ਰਿਹਾ ਹੈ ।

ਇਸ ਨੂੰ ਦੇਖ ਕੇ ਦੱਸੋ ਕਿ




ੳ) ਗੀਤਾ ਅਤੇ ਰਾਜੂ ਨੇ ਕਿੰਨੇ-ਕਿੰਨੇ ਅੰਕ ਪ੍ਰਾਪਤ ਕੀਤੇ ? (2 )

ਅ) ਗੀਤਾ ਅਤੇ ਰਾਜੂ ਦੁਆਰਾ ਪ੍ਰਾਪਤ ਕੀਤੇ ਅੰਕਾਂ ਦਾ ਅੰਤਰ ਦੱਸੋ । (1 )

## ਭਾਗ - ਅ ( 5 X 5 = 25 )

6. ਸਤਨਾਮ ਕੋਲ ₹ 8765 ਸਨ । ਉਸ ਦੇ ਮਾਮਾ ਜੀ ਨੇ ਉਸਨੂੰ ₹ 2500 ਹੋਰ ਦਿੱਤੇ । ਫਿਰ ਸਤਨਾਮ ਨੇ ਆਪਣੇ ਕੁੱਲ ਰੁਪਇਆਂ ਵਿੱਚੋਂ ₹ 4700 ਆਪਣੀ ਛੋਟੀ ਭੈਣ ਨੂੰ ਦੇ ਦਿੱਤੇ । ਹੁਣ ਉਸ ਕੋਲ ਕਿੰਨੇ ਰੁਪਏ ਬਾਕੀ ਰਹਿ ਗਏ ?

ਜਾਂ

ਮੈਨੂੰ ₹ 25000 ਦੇ ਖੁੱਲ੍ਹੇ ਚਾਹੀਦੇ ਹਨ । ਮੈਨੂੰ ਹੇਠ ਲਿਖੇ ਕਿੰਨੇ-ਕਿੰਨੇ ਨੋਟ ਮਿਲਣਗੇ ?

ੳ) ₹ 500 ਦੇ ਨੋਟ ...............................

ਅ) ₹ 100 ਦੇ ਨੋਟ ...............................

7. ਇੱਕ ਬਰਤਨ ਵਿੱਚ 22.75 ਲਿਟਰ ਦੁੱਧ ਆਉਂਦਾ ਹੈ । ਅਜਿਹੇ 8 ਬਰਤਨਾਂ ਵਿੱਚ ਕਿੰਨੇ ਲਿਟਰ ਦੁੱਧ ਆਵੇਗਾ ?


ਜਾਂ

ਚੰਡੀਗੜ੍ਹ ਤੋਂ ਇੱਕ ਬੱਸ ਸਵੇਰੇ 8:30 ਵਜੇ ਚਲਦੀ ਹੈ ਅਤੇ ਦੁਪਹਿਰ 1:30 ਵਜੇ ਦਿੱਲੀ ਪਹੁੰਚ ਜਾਂਦੀ ਹੈ ।ਚੰਡੀਗੜ੍ਹ ਤੋਂ ਦਿੱਲੀ ਪਹੁੰਚਣ ਲਈ ਬੱਸ ਨੇ ਕਿੰਨ੍ਹਾ ਸਮਾਂ ਲਗਾਇਆ ?

8. ਕੋਣ ਮਾਪਕ ਦੀ ਸਹਾਇਤਾ ਨਾਲ ਹੇਠ ਦਿੱਤੇ ਕੋਣ ਬਣਾਓ ।

ੳ) $90^\circ$ ਅ) $135^\circ$

9. ਤਿਉਹਾਰਾਂ ਮੌਕੇ ਕਿਸੇ ਮਿਠਾਈ ਦੀ ਦੁਕਾਨ ਵਿੱਚ ਇੱਕ ਹਫ਼ਤੇ ਵਿੱਚ ਵਰਤੇ ਗਏ ਦੁੱਧ ਦੀ ਮਾਤਰਾ ਹੇਠਾਂ ਦਿੱਤੇ ਛੜ ਗ੍ਰਾਫ ਅਨੁਸਾਰ ਹੈ :-




ੳ) ਸਭ ਤੋਂ ਵੱਧ ਦੁੱਧ ਕਿਹੜੇ ਦਿਨ ਵਰਤਿਆ ਗਿਆ ? (1)

ਅ) ਕਿਹੜੇ ਦੋ ਦਿਨਾਂ ਦੌਰਾਨ ਇੱਕੋ ਜਿਹੀ ਮਾਤਰਾ ਵਿੱਚ ਦੁੱਧ ਵਰਤਿਆ ਗਿਆ ਅਤੇ ਕਿੰਨਾ ? (2)

ੲ) ਐਤਵਾਰ ਨਾਲੋਂ ਮੰਗਲਵਾਰ ਨੂੰ ਕਿੰਨਾ ਘੱਟ ਦੁੱਧ ਵਰਤਿਆ ਗਿਆ ? (2)

10. ਸੁੰਦਰ ਲਿਖਾਈ ( 5 ਅੰਕ )